# ਅਕਾਲ ਤਖ਼ਤ ਡਿੱਗਣ ਪਿੱਛੋਂ ਸ਼ਸਤਰ ਕਿਵੇਂ ਲੱਭੇ

ਮੈਂ ਕਈ ਵਾਰ ਲਿਖ ਚੁੱਕਾ ਹਾਂ ਕਿ 1984 ਦੇ ਮੰਦਭਾਗੇ ਸਾਕੇ ਸਮੇਂ ਜੋ ਅੰਮ੍ਰਿਤਸਰ ਤੇ ਪੰਜਾਬ ਵਿੱਚ ਬੀਤਿਆ ਸੀ, ਉਸ ਬਾਰੇ ਪੂਰਾ ਰਿਕਾਰਡ ਨਹੀਂ ਲਿਖਿਆ ਗਿਆ। ਹਾਲੇ ਵੀ ਉਸ ਸਮੇਂ ਦੇ ਚਸ਼ਮਦੀਦ ਚੁੱਪ ਬੈਠੇ ਹਨ। ਸਾਡੇ ਧਾਰਮਿਕ ਅਗੂ, ਸਿਆਸੀ ਲੀਡਰ, ਸਰਕਾਰੀ ਅਫ਼ਸਰ, ਖ਼ਾਸ ਕਰਕੇ ਪੁਲਿਸ ਵਾਲੇ, ਬੜਾ ਕੁਝ ਜਾਣਦੇ ਹਨ। ਜਿਉਂ-ਜਿਉਂ ਸਮਾਂ ਬੀਤਦਾ ਜਾ ਰਿਹਾ ਹੈ ਇਹ ਯਾਦਾਂ ਲੋਕ ਅਪਣੇ ਨਾਲ ਹੀ ਲੈ ਜਾਣਗੇ। ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ, ਜੋ ਉਸ ਸਮੇਂ ਦੇ ਅਗੂ ਸਨ, ਇਕ ਅੱਖਰ ਵੀ ਇਤਿਹਾਸ ਲਈ ਨਹੀਂ ਛੱਡ ਕੇ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸਾਥੀ ਤਾਂ ਸ਼ਹੀਦੀਆਂ ਪਾ ਗਏ ਪਰ ਉਨ੍ਹਾਂ ਨਾਲ ਦੇ ਕਈ ਅਗੂ ਚੁੱਪ ਬੈਠੇ ਹਨ। ਆਪਣੇ ਰਿਵਾਜ ਅਨੁਸਾਰ ਅੱਜ ਤੱਕ ਕਿਸੇ ਯੂਨੀਵਰਸਿਟੀ ਜਾਂ ਖ਼ੋਜ ਸੰਸਥਾ ਨੇ ਇਸ ਵਿਸ਼ੇ ’ਤੇ ਕੋਈ ਪ੍ਰਾਜੈਕਟ ਆਰੰਭ ਨਹੀਂ ਕੀਤਾ।

ਸਾਕਾ ਨੀਲਾ ਤਾਰਾ ਦੀ ਬਰਸੀ ’ਤੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੇ ਡਾਇਰੈਕਟਰ ਹਰਚਰਨ ਸਿੰਘ, ਜੋ ਪਹਿਲਾਂ ਪੰਜਾਬ ਐਂਡ ਸਿੰਧ ਬੈਂਕ ਦੇ ਜਨਰਲ ਮੈਨੇਜਰ ਸਨ, ਨੇ ਬੜੀ ਮਿਹਨਤ ਨਾਲ ਇਸ ਸਾਕੇ ਬਾਰੇ ਲੜੀਵਾਰ ਲੇਖ ਛਾਪੇ ਹਨ। ਪਹਿਲੀ ਵਾਰ ਕਈ ਅਫ਼ਸਰਾਂ ਦੇ ਬਿਆਨ ਉਨ੍ਹਾਂ ਛਾਪੇ ਹਨ। ਮੈਂ ਰਾਸ਼ਟਰਪਤੀ ਭਵਨ ਵਿੱਚ ਉਸ ਵਕਤ ਲੱਗਾ ਹੋਇਆ ਸੀ ਤੇ ਮੈਨੂੰ ਗਿਆਨੀ ਜ਼ੈਲ ਸਿੰਘ ਨਾਲ 8 ਜੂਨ ਨੂੰ ਅੰਮ੍ਰਿਤਸਰ ਜਾਣ ਦਾ ਅਵਸਰ ਮਿਲਿਆ ਸੀ। ਮੈਂ ਕਈ ਲੇਖ ਲਿਖੇ ਹਨ, ਪਰ ਕਈ ਅਹਿਮ ਘਟਨਾਵਾਂ ਦੀ ਯਾਦ ਹਰਚਰਨ ਸਿੰਘ ਨੇ ਕਰਵਾ ਦਿੱਤੀ ਹੈ।

ਸਭ ਤੋਂ ਮਹੱਤਵਪੂਰਨ ਗੱਲ, ਜੋ ਅੱਜ ਦੇ ਲੇਖ ਦਾ ਵਿਸ਼ਾ ਹੈ, ਸਾਡੇ ਸਾਹਮਣੇ ਪਹਿਲੀ ਵਾਰ ਆਈ ਹੈ, ਉਹ ਹੈ ਕਿ ਅਕਾਲ ਤਖ਼ਤ ਦੇ ਪਵਿੱਤਰ ਸ਼ਸਤਰ ਕਿਵੇਂ ਲੱਭੇ ਗਏ। ਆਮ ਕਰਕੇ ਅਸੀਂ ਸਾਰੇ ਲਾਇਬ੍ਰੇਰੀ ਦੇ ਸੜਨ ਬਾਰੇ ਚਰਚਾ ਕਰਦੇ ਹਾਂ। ਮੈਂ ਵੀ ਪਾਰਲੀਮੈਂਟ ਵਿੱਚ ਰੱਖਿਆ ਮੰਤਰੀ ਨੂੰ ਸਵਾਲ ਪਾਏ ਸਨ। ਅੱਜ ਤੱਕ ਇਸ ਬਾਰੇ ਕੋਈ ਸੂਹ ਨਹੀਂ ਨਿਕਲ ਸਕੀ। ਸ੍ਰੀ ਐੱਨ.ਐੱਸ. ਰਤਨ ਆਈ.ਏ.ਐੱਸ., ਜੋ ਉਸ ਸਮੇਂ ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਸ਼ਹਿਰ ਦੀ ਦੇਖ-ਭਾਲ ਲਈ ਭੇਜੇ ਸਨ, ਨੇ ਸ਼ਸਤਰਾਂ ਬਾਰੇ ਇਤਿਹਾਸਕ ਬਿਆਨ ਦਿੱਤਾ ਹੈ। ਉਨ੍ਹਾਂ ਅਨੁਸਾਰ ਜਦੋਂ ਗਿਆਨੀ ਜ਼ੈਲ ਸਿੰਘ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਖੜ੍ਹੇ ਸਨ ਤਾਂ ਸ੍ਰੀ ਰਤਨ ਨੇ ਉਨ੍ਹਾਂ ਨੂੰ ਤੋਸ਼ਖ਼ਾਨੇ ਵੱਲ ਨਿਗਾਹ ਮਾਰਨ ਲਈ ਕਿਹਾ ਸੀ। ਫ਼ੌਜੀ ਅਫ਼ਸਰਾਂ ਨੇ ਕਹਿ ਦਿੱਤਾ ਕਿ ਮਾਮੂਲੀ ਨੁਕਸਾਨ ਹੋਇਆ ਹੈ। ਗਿਆਨੀ ਜੀ ਨੇ ਤੁਰੰਤ ਹੁਕਮ ਦਿੱਤਾ ਕਿ ਤੋਸ਼ਾਖਾਨਾ ਸੀਲ ਕੀਤਾ ਜਾਵੇ। ਡਿਪਟੀ ਕਮਿਸ਼ਨਰ ਰਮੇਸ਼ਇੰਦਰ ਸਿੰਘ, ਸ੍ਰੀ ਰਤਨ ਤੇ ਫ਼ੌਜ ਦੇ ਕਮਾਂਡਰ ਨੂੰ ਆਪ ਸੀਲ ਕਰਕੇ ਮੋਹਰ ਲਗਾਉਣ ਲਈ ਕਿਹਾ ਅਤੇ ਸਾਰੇ ਸਾਮਾਨ ਦੀ ਲਿਸਟ ਬਣਾਉਣ ਦਾ ਹੁਕਮ ਕੀਤਾ। ਇਸ ਫੈਸਲੇ ਅਨੁਸਾਰ ਤੋਸ਼ਾਖ਼ਾਨਾ ਬਚ ਗਿਆ ਸੀ। ਜੇ ਇਹ ਫ਼ੌਜ ਦੇ ਹਵਾਲੇ ਰਹਿੰਦਾ ਤਾਂ ਇਸ ਦਾ ਕੀ ਹਾਲ ਹੋਣਾ ਸੀ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਦੂਜੀ ਘਟਨਾ ਹੈ ਜਦ ਗਿਆਨੀ ਜੀ ਦੀ ਟੀਮ ਕਿਲ੍ਹਾ ਗੋਬਿੰਦਗੜ੍ਹ ਪੁੱਜੀ, ਉੱਥੇ ਫ਼ੌਜ ਨੇ ਵੱਡੇ ਮੇਜ਼ਾਂ ’ਤੇ ਬੜੇ ਹਥਿਆਰ ਰੱਖ ਕੇ ਪ੍ਰਦਰਸ਼ਨੀ ਲਗਾ ਰੱਖੀ ਸੀ। ਉਨ੍ਹਾਂ ਦੱਸਿਆ ਕਿ ਸਾਰੇ ਹਥਿਆਰ ਸ੍ਰੀ ਅਕਾਲ ਤਖ਼ਤ ਤੋਂ ਮਿਲੇ ਸਨ। ਇਨ੍ਹਾਂ ਵਿੱਚ ਐਂਟੀ-ਟੈਂਕ ਤੋਪਾਂ, ਬੰਦੂਕਾਂ, ਬੰਬ, ਹੋਰ ਬੜਾ ਜੰਗੀ ਸਾਮਾਨ ਪਿਆ ਸੀ।

ਉਸ ਸਮੇਂ ਇਕ ਮੇਜ਼ ’ਤੇ ਜਦੋਂ ਪੁੱਜੇ ਤਾਂ ਸ੍ਰੀ ਰਤਨ ਨੇ ਗਿਆਨੀ ਜੀ ਨੂੰ ਦੱਸਿਆ ਕਿ ਇਨ੍ਹਾਂ ਵਿੱਚ ਪਵਿੱਤਰ ਸ਼ਸਤਰ, ਜੋ ਅਕਾਲ ਤਖ਼ਤ ’ਤੇ ਸੁਸ਼ੋਭਿਤ ਸਨ, ਉਹ ਵੀ ਪਏ ਹਨ। ਗਿਆਨ ਜੀ ਨੇ ਰਤਨ ਨੂੰ ਪੁੱਛਿਆ ਕਿ ਉਹ ਕਿਵੇਂ ਕਹਿ ਸਕਦਾ ਹੈ। ਉਨ੍ਹਾਂ ਕਿਹਾ, ‘ਮੈਂ ਇੱਥੇ ਹੀ ਪੈਦਾ ਹੋਇਆ ਤੇ ਮੇਰੇ ਪਿਤਾ ਅਕਾਲ ਤਖ਼ਤ ਦੇ ਨੇੜੇ ਬੁੰਗੇ ਵਿੱਚ ਹੀ ਰਹਿੰਦੇ ਸਨ’। ਗਿਆਨੀ ਜੀ ਨੇ ਤੁਰੰਤ ਹੁਕਮ ਦਿੱਤਾ ਕਿ ਸ਼ਸਤਰ ਲੱਭ ਕੇ ਵੱਖਰੇ ਕੀਤੇ ਜਾਣ ਤੇ ਇਸ ਬਾਰੇ ਡੀ.ਸੀ. ਰਤਨ ਤੇ ਫ਼ੌਜ ਦੇ ਕਮਾਂਡਰ ਦੀ ਡਿਊਟੀ ਲਗਾਈ ਗਈ ਸੀ। ਸ੍ਰੀ ਰਤਨ ਦੇ ਬਿਆਨ ਅਨੁਸਾਰ ਉਨ੍ਹਾਂ ਉੱਥੇ ਗੁਰੂ ਹਰਗੋਬਿੰਦ ਜੀ ਦਾ ਖੰਡਾ, ਕਈ ਤੀਰ, ਕਿਰਪਾਨਾਂ ਤੇ ਬੰਦੂਕ ਪਛਾਣ ਲਈ ਸੀ। ਉਨ੍ਹਾਂ ਦੀ ਇਹ ਬਹੁਤ ਵੱਡੀ ਦੇਣ ਹੈ। ਪਰ ਅੱਜ ਵਿਚਾਰ ਦਾ ਵਿਸ਼ਾ ਹੈ ਕਿ ਸ੍ਰੀ ਅਕਾਲ ਤਖ਼ਤ ਦਾ ਅਗਲਾ ਸਾਰਾ ਹਿੱਸਾ ਡਿੱਗ ਗਿਆ ਸੀ। ਸਾਰੇ ਸ਼ਸਤਰ ਮਲਬੇ ਵਿੱਚ ਆ ਗਏ ਸਨ। ਉਸ ਸਮੇਂ ਕੇਵਲ ਲਾਸ਼ਾਂ ਹੀ ਮਲਬੇ ’ਚੋਂ ਕੱਢੀਆਂ ਗਈਆਂ ਸਨ, ਗੁਰਦੁਆਰਾ ਸਟਾਫ ਉੱਥੇ ਨਹੀਂ ਸੀ। ਫਿਰ ਇਹ ਸ਼ਸਤਰ ਕਿੱਧਰ ਗਏ ? ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਦੀ ਲਿਸਟ ਜੋ ਸਾਨੂੰ ਦਿੱਤੀ ਗਈ ਸੀ, ਉਸ ਅਨੁਸਾਰ 30 ਇਤਿਹਾਸਕ ਸ਼ਸਤਰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਰੱਖੇ ਹੁੰਦੇ ਸਨ। ਖਾਸ ਕਰ ਕੇ ਦੋ ਸ੍ਰੀ ਸਾਹਿਬ ਮੀਰੀ ਤੇ ਪੀਰੀ ਜੀ, ਸ੍ਰੀ ਸਾਹਿਬ ਗੁਰੂ ਗੋਬਿੰਦ ਸਿੰਘ, ਸ੍ਰੀ ਸਾਹਿਬ ਬਾਬਾ ਬੁੱਢਾ ਜੀ, ਸ੍ਰੀ ਸਾਹਿਬ ਭਾਈ ਜੇਠਾ ਜੀ, ਸ੍ਰੀ ਸਾਹਿਬ ਸ਼ਹੀਦ ਕਰਮ ਸਿੰਘ, ਸ੍ਰੀ ਸਾਹਿਬ ਭਾਈ ਉਦੇ ਸਿੰਘ, ਸ੍ਰੀ ਸਾਹਿਬ ਭਾਈ ਬਿਧੀ ਚੰਦ, ਖੰਡਾ ਬਾਬਾ ਗੁਰਬਖ਼ਸ਼ ਸਿੰਘ, ਖੰਡਾ ਬਾਬਾ ਦੀਪ ਸਿੰਘ, ਖੰਡਾ ਬਾਬਾ ਨੋਧ ਸਿੰਘ, ਖੜਗ ਭਾਈ ਬਚਿੱਤਰ ਸਿੰਘ, ਗੁਰਜ ਛੇਵੇਂ ਗੁਰੂ ਜੀ, ਛੋਟੀ ਕਿਰਪਾਨ ਤੇ ਕਟਾਰ ਛੇਵੇਂ ਗੁਰੂ ਜੀ, ਕਟਾਰ ਬਾਬਾ ਅਜੀਤ ਸਿੰਘ, ਕਟਾਰ ਬਾਬਾ ਜੁਝਾਰ ਸਿੰਘ, ਕਿਰਪਾਨ ਛੇਵੇਂ ਪਾਤਸ਼ਾਹ ਜੀ, ਪੇਸ਼ਕਸ਼ ਛੇਵੇਂ ਗੁਰੂ ਜੀ, ਪੇਸ਼ਕਸ਼ ਬਾਬਾ ਦੀਪ ਸਿੰਘ, ਪਿਸਤੌਲ ਬਾਬਾ ਦੀਪ ਸਿੰਘ, ਪਿਸਤੌਲ ਬਾਬਾ ਗੁਰਬਖ਼ਸ਼ ਸਿੰਘ, ਦੋ ਤੀਰ ਦਸਮ ਪਾਤਸ਼ਾਹ ਦੇ (ਸੋਨਾ ਲੱਗਾ ਹੋਇਆ), ਖੰਡਾ ਬਾਬਾ ਦੀਪ ਸਿੰਘ, ਦੋ ਕਿਰਪਾਨਾਂ ਬਾਬਾ ਦੀਪ ਸਿੰਘ, ਦੋ ਛੋਟੇ ਖੰਡੇ ਬਾਬਾ ਦੀਪ ਸਿੰਘ, ਚੱਕਰ ਬਾਬਾ ਦੀਪ ਸਿੰਘ ਤੇ ਚੱਕਰ ਅਕਾਲੀ ਫੂਲਾ ਸਿੰਘ।

ਸਾਨੂੰ ਸਭ ਨੂੰ ਯਾਦ ਹੈ ਕਿ ਸ੍ਰੀ ਅਕਾਲ ਤਖ਼ਤ ਢਾਹ ਕੇ ਸਰਕਾਰ ਨੇ ਨਵਾਂ ਬਣਵਾ ਦਿੱਤਾ ਸੀ। ਬਾਬਾ ਸੰਤਾ ਸਿੰਘ ਨੂੰ ਇਹ ਸੇਵਾ ਮਿਲੀ ਪਰ ਸਾਰਾ ਕੰਮ ਦਿੱਲੀ ਦੀ ਇਕ ਫਰਮ ਨੇ ਕੀਤਾ। ਜਦੋਂ ਮੁਕੰਮਲ ਹੋ ਗਿਆ ਸਾਰੇ ਸ਼ਸਤਰ ਵੀ ਉੱਥੇ ਰੱਖੇ ਗਏ ਸਨ। ਮੁੜ ਕੇ ਇਹ ਢਾਹ ਕੇ ਅਕਾਲ ਤਖ਼ਤ ਨਵਾਂ ਬਣਾਇਆ ਗਿਆ ਜੋ ਅੱਜ ਸੁਸ਼ੋਭਿਤ ਹੈ। ਮੇਰੀ ਬੇਨਤੀ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇਸ ਬਾਰੇ ਪੂਰੀ ਜਾਣਕਾਰੀ ਇਕੱਠੀ ਕਰਨ ਤੇ ਇਸ ਦੀ ਰਿਪੋਰਟ ਤਿਆਰ ਕਰ ਲਈ ਜਾਵੇ। ਪੂਰੀ ਜਾਂਚ ਲਈ ਆਰਮੀ ਦੇ ਉੱਚ ਅਫਸਰ, ਉਸ ਵਕਤ ਦੇ ਡਿਪਟੀ ਕਮਿਸ਼ਨਰ, ਪੁਲਿਸ ਅਫਸਰ, ਸ੍ਰੀ ਰਤਨ ਅਤੇ ਨਿਹੰਗ ਸਿੰਘ, ਜੋ ਸੇਵਾ ਕਰਵਾ ਰਹੇ ਸਨ, ਸਭਨਾਂ ਨੂੰ ਬੁਲਾ ਕੇ ਸਾਰੇ ਤੱਥ ਸੁਣੇ ਜਾਣ। ਇਹ ਪਤਾ ਕੀਤਾ ਜਾਵੇ ਕਿ ਸ਼ਸਤਰ ਮਲਬੇ ਵਿੱਚੋਂ ਕਿਵੇਂ ਤੇ ਕਦੋਂ ਕੱਢੇ ਗਏ ਅਤੇ ਕਿੱਥੇ ਰੱਖੇ ਗਏ ਸਨ। ਜਦੋਂ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਮੁਕੰਮਲ ਹੋਈ ਤਾਂ ਸ਼ਸਤਰ ਕਿਸ ਨੇ ਸਜਾਏ। ਕੋਈ ਰਿਕਾਰਡ ਹੈ ਜਾਂ ਨਹੀਂ? ਫਿਰ ਜਦੋਂ ਸ਼੍ਰੋਮਣੀ ਕਮੇਟੀ ਨੇ ਢਾਹ ਕੇ ਸ੍ਰੀ ਅਕਾਲ ਤਖ਼ਤ ਨਵੇਂ ਸਿਰਿਓਂ ਬਣਾਇਆ ਤਾਂ ਸ਼ਸਤਰਾਂ ਨੂੰ ਕਿਸ ਨੇ ਸੰਭਾਲਿਆ। ਸ਼ਸਤਰਾਂ ਦੀ ਪਛਾਣ ਕਿਸ ਕਿਸ ਨੇ ਕੀਤੀ। ਇਤਿਹਾਸਕ ਘਟਨਾ ਹੋਣ ਕਰ ਕੇ ਇਹ ਕਾਰਵਾਈ ਰਿਕਾਰਡ ਵਿੱਚ ਦਰਜ ਕੀਤੀ ਜਾਵੇ। ਇਕ-ਇਕ ਸ਼ਸਤਰ ਸਿੱਖ ਇਤਿਹਾਸ ਦਾ ਅੰਗ ਹੈ। ਜੋ ਰਿਟਾਇਰ ਹੋ ਚੁੱਕੇ ਹਨ, ਉਨ੍ਹਾਂ ਤੋਂ ਜ਼ਰੂਰ ਪਤਾ ਕੀਤਾ ਜਾਵੇ। ਸ਼ਸਤਰਾਂ ਦਾ ਕੋਈ ਮੁੱਲ ਨਹੀਂ ਪਾ ਸਕਦਾ। ਇਹ ਕੰਮ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਬਾਰੇ ਸ਼੍ਰੋਮਣੀ ਕਮੇਟੀ ਹਰ ਗੁਰਦੁਆਰੇ ਦੀ ਵੱਖਰੀ ਲਿਸਟ, ਵੇਰਵਾ ਤੇ ਫੋਟੋ ਤਿਆਰ ਕਰੇ। ਬਹੁਤ ਸਾਰੇ ਸਾਡੇ ਗੁਰਦੁਆਰਿਆਂ ’ਚ ਸ਼ਸਤਰ-ਬਸਤਰ ਪਏ ਹਨ। ਕੋਈ ਕਿਤਾਬ ਨਹੀਂ ਹੈ। ਜੇ 1984 ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਦਾ ਕੋਈ ਅਜਿਹਾ ਰਿਕਾਰਡ ਫੋਟੋ ਸਹਿਤ ਹੁੰਦਾ ਤਾਂ ਸਾਂਭ-ਸੰਭਾਲ ਦਾ ਕੰਮ ਆਸਾਨ ਹੋ ਜਾਣਾ ਸੀ। ਹੁਣ ਜੋ ਹੈ, ਉਸ ਬਾਰੇ ਕੰਮ ਕੀਤਾ ਜਾਵੇ। ਇਤਿਹਾਸ ਨੂੰ ਸੁਰੱਖਿਅਤ ਰੱਖਣਾ ਸਾਡੀ ਡਿਊਟੀ ਹੈ।

ਤਰਲੋਚਨ ਸਿੰਘ